Education
Centre for Education
Statistics & Evaluation

Punjabi

# *Tell Them From Me* student survey
# ਉਨ੍ਹਾਂ ਨੂੰ ਮੇਰੇ ਵਲੋਂ ਕਹਿ ਦਿਓ ਵਿਦਿਆਰਥੀ ਸਰਵੇਖਣ
# Frequently Asked Questions (parents and carers)
# ਆਮ ਪੁੱਛੇ ਜਾਣ ਵਾਲੇ ਪ੍ਰਸ਼ਨ (ਮਾਪੇ ਅਤੇ ਸੰਭਾਲਕ)

## ਸੈਂਟਰ ਫਾਰ ਐਡੂਕੇਸ਼ਨ ਸਟੈਟਿਸਟਿਕਸ ਐਂਡ ਇਵੈਲੂਏਸ਼ਨ (CESE)

## 1. *ਉਨ੍ਹਾਂ ਨੂੰ ਮੇਰੇ ਵਲੋਂ ਕਹਿ ਦਿਓ (Tell Them From Me)* ਵਿਦਿਆਰਥੀ ਸਰਵੇਖਣ ਕੀ ਹੈ?

*Tell Them From Me* ਵਿਦਿਆਰਥੀ ਸਰਵੇਖਣ ਉਨ੍ਹਾਂ ਤੱਤਾਂ ਬਾਰੇ ਪ੍ਰਸ਼ਨ ਪੁੱਛਦਾ ਹੈ ਜਿਨ੍ਹਾਂ ਬਾਰੇ ਇਹ ਜਾਣਕਾਰੀ ਹੁੰਦੀ ਹੈ ਕਿ ਉਹ ਅਕਾਦਮਿਕ ਪ੍ਰਾਪਤੀ ਤੇ ਹੋਰ ਨਤੀਜਿਆਂ ਨੂੰ ਪ੍ਰਭਾਵਿਤ ਕਰਦੇ ਹਨ। ਇਸ ਦਾ ਮੰਤਵ ਵਿਦਿਆਰਥੀਆਂ ਦੇ ਸਿੱਖਣ ਦੇ ਨਤੀਜਿਆਂ ਨੂੰ ਸੁਧਾਰਨ ਵਿਚ ਮਦਦ ਕਰਨਾ ਹੈ। ਇਹ ਸਰਵੇਖਣ ਸਕੂਲ ਤੇ ਸਿਸਟਮ ਪੱਧਰਾਂ 'ਤੇ ਵਿਦਿਆਰਥੀ ਦੇ ਦ੍ਰਿਸ਼ਟੀਕੋਣ ਤੋਂ ਵਿਚਾਰ ਜਾਣਨ, ਉਨ੍ਹਾਂ ਦਾ ਮੁਲਾਂਕਣ ਕਰਨ ਤੇ ਉਨ੍ਹਾਂ ਬਾਰੇ ਰਿਪੋਰਟ ਕਰਨ ਲਈ ਤਿਆਰ ਕੀਤਾ ਗਿਆ ਹੈ। ਨਿਊ ਸਾਊਥ ਵੇਲਜ਼ ਦੇ ਇਸ ਸਰਵੇਖਣ ਦਾ ਮੁੱਖ ਧਿਆਨ ਵਿਦਿਆਰਥੀਆਂ ਦੇ ਕਲਿਆਣ, ਰੁੱਝਾਣ ਅਤੇ ਅਧਿਆਪਨ ਦੇ ਪ੍ਰਭਾਵੀ ਅਭਿਆਸਾਂ 'ਤੇ ਕੇਂਦ੍ਰਿਤ ਹੈ।

## 2. ਸਰਵੇਖਣ 'ਚ ਕਿਸ ਕਿਸਮ ਦੇ ਪ੍ਰਸ਼ਨ ਪੁੱਛੇ ਜਾਣਗੇ?

ਇਸ ਸਰਵੇਖਣ ਦੇ ਪ੍ਰਸ਼ਨ **ਪ੍ਰਾਇਮਰੀ ਸਕੂਲ** ਲਈ ਹੇਠਾਂ ਦਿੱਤੇ ਉਪਾਵਾਂ ਨਾਲ ਸਬੰਧਤ ਹੁੰਦੇ ਹਨ:

| | | |
|---|---|---|
| ਖੇਡਾਂ ਤੇ ਪਾਠਕ੍ਰਮ ਤੋਂ ਇਲਾਵਾ ਹੋਰ ਗਤੀਵਿਧੀਆਂ ਵਿਚ ਸ਼ਮੂਲੀਅਤ | ਸਕੂਲ ਵਿਚ ਵਿਵਹਾਰ | ਸਿੱਖਣ ਦਾ ਪ੍ਰਭਾਵੀ ਸਮਾਂ |
| ਸਿੱਖਣ ਲਈ ICT ਦੀ ਵਰਤੋਂ | ਹੋਮਵਰਕ ਵਿਵਹਾਰ | ਅਧਿਆਪਨ ਪ੍ਰਸੰਗਿਕਤਾ ਤੇ ਸਖ਼ਤਾਈ |
| ਆਪਣੇਪਣ ਦੀ ਭਾਵਨਾ | ਦਿਲਚਸਪੀ ਅਤੇ ਪ੍ਰੇਰਨਾ | ਦ੍ਰਿੜ੍ਹਤਾ |
| ਸਕਾਰਾਤਮਕ ਸਬੰਧ | ਜਤਨ | ਧੱਕੇਸ਼ਾਹੀ ਝੱਲਣ ਦੇ ਤਜਰਬੇ |
| ਸਕੂਲੀ ਨਤੀਜਿਆਂ ਦੀ ਕਦਰ ਕਰਨੀ | ਹੁਨਰ ਤੇ ਸਿੱਖਣ ਦੀ ਚੁਣੌਤੀ | ਸਕੂਲ 'ਚ ਵਕਾਲਤ (ਐਡਵੋਕੇਸੀ) |
| ਸਕਾਰਤਮਕ ਅਧਿਆਪਕ-ਵਿਦਿਆਰਥੀ ਸਬੰਧ | ਸਫ਼ਲਤਾ ਲਈ ਆਸਾਂ | ਸਿੱਖਣ ਦਾ ਸਕਾਰਾਤਮਕ ਮਾਹੌਲ |

ਇਸ ਸਰਵੇਖਣ ਦੇ ਪ੍ਰਸ਼ਨ **ਸੇਕੇਂਡਰੀ ਸਕੂਲ** ਲਈ ਹੇਠਾਂ ਲਿੱਖੇ ਉਪਾਵਾਂ ਨਾਲ ਸਬੰਧਿਤ ਹਨ:

| | | |
|---|---|---|
| ਖੇਡਾਂ ਤੇ ਪਾਠਕ੍ਰਮ ਤੋਂ ਇਲਾਵਾ ਹੋਰ ਗਤੀਵਿਧੀਆਂ ਵਿਚ ਸ਼ਮੂਲੀਅਤ | ਹੋਮਵਰਕ ਵਿਵਹਾਰ | ਸਫ਼ਲਤਾ ਲਈ ਆਸਾਂ |
| ਹੁਨਰ ਤੇ ਸਿੱਖਣ ਦੀ ਚੁਣੌਤੀ | ਅਕਾਦਮਿਕ ਸਵੈ-ਧਾਰਨਾ | ਸਕੂਲ ਵਿਚ ਵਿਵਹਾਰ |
| ਧੱਕੇਸ਼ਾਹੀ ਝੱਲਣ ਦੇ ਤਜਰਬੇ | ਸਕੂਲ ਤੋਂ ਬਿਨਾ ਕਾਰਨ ਗੈਰ-ਹਾਜ਼ਰੀ | ਆਪਣੇਪਣ ਦੀ ਭਾਵਨਾ |
| ਦਿਲਚਸਪੀ ਅਤੇ ਪ੍ਰੇਰਨਾ | ਸਿੱਖਣ ਦਾ ਪ੍ਰਭਾਵੀ ਸਮਾਂ | ਇੱਛਾਵਾਂ: ਜਮਾਤ 12, ਯੂਨੀਵਰਸਿਟੀ TAFE ਪੂਰੀ ਕਰਨਾ |
| ਸਕਾਰਾਤਮਕ ਸਬੰਧ | ਜਤਨ | ਅਧਿਆਪਨ ਪ੍ਰਸੰਗਿਕਤਾ ਤੇ ਸਖ਼ਤਾਈ |
| ਕਲਿਆਣ | ਸਕੂਲੀ ਨਤੀਜਿਆਂ ਦੀ ਕਦਰ ਕਰਨੀ | ਸਿੱਖਣ ਦਾ ਸਕਾਰਾਤਮਕ ਮਾਹੌਲ |
| ਅਕਾਦਮਿਕ ਉਤਸ਼ਾਹ | ਸਕੂਲ 'ਚ ਵਕਾਲਤ (ਐਡਵੋਕੇਸੀ) | ਸਕੂਲ ਤੋਂ ਬਾਹਰ ਐਡਵੋਕੇਸੀ |
| ਸਕਾਰਤਮਕ ਅਧਿਆਪਕ-ਵਿਦਿਆਰਥੀ ਸਬੰਧ | ਸਿੱਖਣ ਲਈ ICT ਦੀ ਵਰਤੋਂ | ਦ੍ਰਿੜ੍ਹਤਾ |

## 3. ਸਕੂਲਾਂ ਨੂੰ ਭਾਗ ਲੈਣ ਲਈ ਕਿਵੇਂ ਚੁਣਿਆ ਗਿਆ ਹੈ?

ਇਹ ਸਰਵੇਖਣ ਨਿਊ ਸਾਊਥ ਵੇਲਜ਼ ਦੇ ਸਾਰੇ ਸ੍ਰਕਾਰੀ ਸਕੂਲਾਂ ਲਈ ਖੁੱਲ੍ਹਾ ਹੈ ਅਤੇ ਮੁਫਤ ਉਪਲਬਧ ਹੈ। ਤੁਹਾਡੇ ਬੱਚੇ ਦੇ ਸਕੂਲ ਨੇ ਭਾਗ ਲੈਣ ਦਾ ਫ਼ੈਸਲਾ ਕੀਤਾ ਹੈ।



## 4. ਇਸ ਸਰਵੇਖਣ ਵਿਚ ਭਾਗ ਲੈਣ ਨਾਲ ਮੇਰੇ ਬੱਚੇ ਦੇ ਸਕੂਲ ਨੂੰ ਕੀ ਲਾਭ ਪੁੱਜੇਗਾ?

*Tell Them From Me* ਵਿਦਿਆਰਥੀ ਸਰਵੇਖਣ ਸਕੂਲ ਪ੍ਰਿੰਸੀਪਲਾਂ ਅਤੇ ਸਕੂਲ ਦੇ ਆਗੂਆਂ ਨੂੰ ਉਨ੍ਹਾਂ ਦੇ ਸਕੂਲ ਵਿਚ ਵਿਦਿਆਰਥੀਆਂ ਨੂੰ ਰੁੱਝੇ ਰੱਖਣ, ਉਨ੍ਹਾਂ ਦੇ ਕਲਿਆਣ ਤੇ ਪ੍ਰਭਾਵੀ ਅਧਿਆਪਨ ਅਭਿਆਸਾਂ ਬਾਰੇ ਵਿਦਿਆਰਥੀਆਂ ਦੇ ਪੱਖ ਤੋਂ ਵਿਚਾਰ ਮੁਹੱਈਆ ਕਰਵਾਏਗਾ।

ਸਰਵੇਖਣ ਤੋਂ ਮਿਲੇ ਜਵਾਬਾਂ ਤੋਂ ਇਕੱਠੇ ਕੀਤੇ ਹੋਏ ਅੰਕੜਿਆਂ ਰਾਹੀਂ ਸਕੂਲ ਦੇ ਆਗੂਆਂ ਲਈ ਤੁਰੰਤ ਰਿਪੋਰਟਾਂ ਤਿਆਰ ਕੀਤੀਆਂ ਜਾਂਦੀਆਂ ਹਨ। ਪ੍ਰਿੰਸੀਪਲ ਇਸ ਜਾਣਕਾਰੀ ਦੀ ਵਰਤੋਂ ਨਾਲ ਉੱਭਰ ਰਹੇ ਮੁੱਦਿਆਂ ਦੀ ਸ਼ਨਾਖ਼ਤ ਕਰ ਸਕਦੇ ਹਨ ਅਤੇ ਉਨ੍ਹਾਂ ਨੂੰ ਸਕੂਲ ਦੇ ਸੁਧਾਰ ਲਈ ਯੋਜਨਾ ਉਲੀਕਣ ਵਿਚ ਮਦਦ ਮਿਲ ਸਕਦੀ ਹੈ।

## 5. ਇਸ ਸਰਵੇਖਣ ਵਿਚ ਭਾਗ ਲੈਣ ਲਈ ਮੇਰੇ ਬੱਚੇ ਨੂੰ ਕੀ ਕਰਨ ਦੀ ਲੋੜ ਹੈ?

ਇਸ ਸਰਵੇਖਣ ਨੂੰ ਆਮ ਤੌਰ 'ਤੇ 30 ਮਿੰਟਾਂ ਤੋਂ ਘੱਟ ਸਮਾਂ ਲੱਗਦਾ ਹੈ ਅਤੇ ਇਸਦਾ ਆਯੋਜਨ ਸਰਵੇਖਣ ਡਿਵੈਲਪਰਜ਼, *The Learning Bar* ਵੱਲੋਂ ਚਲਾਈ ਜਾਣ ਵਾਲੀ ਇਕ ਸੁਰੱਖਿਅਤ ਵੈੱਬਸਾਈਟ ਰਾਹੀਂ ਪੂਰੀ ਤਰ੍ਹਾਂ ਆਨਲਾਈਨ ਤਰੀਕੇ ਨਾਲ ਕੀਤਾ ਜਾਂਦਾ ਹੈ। ਸਕੂਲ ਕੰਪਿਊਟਰ ਜਾਂ ਲੈਪਟੌਪ ਉਪਲਬਧ ਕਰਵਾਉਣਗੇ, ਤਾਂ ਜੋ ਵਿਦਿਆਰਥੀ ਸਕੂਲ ਦੇ ਸਮੇਂ ਦੌਰਾਨ ਸਰਵੇਖਣ ਨੂੰ ਪੂਰਾ ਕਰ ਸਕਣ।

## 6. ਕੀ ਮੇਰੇ ਬੱਚੇ ਲਈ ਭਾਗ ਲੈਣਾ ਲਾਜ਼ਮੀ ਹੋਵੇਗਾ?

ਨਹੀਂ, ਇਸ ਸਰਵੇਖਣ 'ਚ ਭਾਗ ਲੈਣਾ ਵਿਕਲਪਿਕ ਹੈ। ਜੇ ਤੁਹਾਡੀ ਜਾਂ ਤੁਹਾਡੇ ਬੱਚੇ ਦੀ ਇੱਛਾ ਨਹੀਂ ਹੈ ਤਾਂ ਤੁਹਾਡਾ ਬੱਚਾ ਭਾਗ ਨਹੀਂ ਲਵੇਗਾ। ਜੇ, ਸਰਵੇਖਣ ਦੌਰਾਨ, ਤੁਹਾਡਾ ਬੱਚਾ ਬੇਅਰਾਮੀ ਮਹਿਸੂਸ ਕਰੇ, ਤਾਂ ਉਹ ਕਿਸੇ ਵੀ ਸਮੇਂ ਸਰਵੇਖਣ ਨੂੰ ਪੂਰਾ ਨਾ ਕਰਨ ਦਾ ਫ਼ੈਸਲਾ ਕਰ ਸਕਦਾ/ਸਕਦੀ ਹੈ। ਸਰਵੇਖਣ ਵਿਚ ਜਿਆਦਾਤਰ ਪ੍ਰਸ਼ਨਾਂ ਨੂੰ ਛੱਡਿਆ ਜਾ ਸਕਦਾ ਹੈ। ਮਾਪਿਆਂ/ਵਿਦਿਆਰਥੀਆਂ ਨੂੰ ਵਿਦਿਆਰਥੀ ਦੀ ਜਾਣਕਾਰੀ ਤਕ ਪਹੁੰਚ ਪ੍ਰਾਪਤ ਕਰਨ ਤੇ ਉਸ ਵਿਚ ਸੋਧ ਕਰਨ ਲਈ ਅਰਜ਼ੀ ਦੇਣ ਦਾ ਅਧਿਕਾਰ ਹੈ।

## 7. ਕੀ ਸਕੂਲ ਮੇਰੇ ਬੱਚੇ ਦੇ ਜਵਾਬਾਂ ਤੋਂ ਉਸਦੀ ਪਛਾਣ ਕਰਨ ਯੋਗ ਹੋਵੇਗਾ?

ਸਕੂਲਾਂ ਵਿਚ ਸਟਾਫ਼ ਮੈਂਬਰ ਵਿਅਕਤੀਗਤ ਵਿਦਿਆਰਥੀਆਂ ਦੇ ਜਵਾਬਾਂ ਤੋਂ ਉਨ੍ਹਾਂ ਦੀ ਪਛਾਣ ਕਰਨ ਦੇ ਯੋਗ ਨਹੀਂ ਹੋਣਗੇ। ਗੁਪਤਤਾ ਨੂੰ ਯਕੀਨੀ ਬਣਾਉਣ ਲਈ, ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਇਕ ਵਿਲੱਖਣ ਯੂਜ਼ਰ-ਨਾਮ ਤੇ ਪਾਸਵਰਡ ਪ੍ਰਦਾਨ ਕੀਤਾ ਜਾਵੇਗਾ। ਜਿੱਥੇ ਪੰਜ ਤੋਂ ਘੱਟ ਵਿਦਿਆਰਥੀ ਕਿਸੇ ਸਵਾਲ ਦਾ ਜਵਾਬ ਦੇਣ, ਤਾਂ ਨਤੀਜੇ ਉਪਲਬਧ ਨਹੀਂ ਕਰਾਏ ਜਾਣਗੇ।

ਵਿਭਾਗ ਦੇ ਸੈਂਟਰ ਫਾਰ ਐਡੂਕੇਸ਼ਨ ਐਂਡ ਈਵੈਲੂਏਸ਼ਨ (Centre for Education Statistics and Evaluation (CESE)) ਦੇ ਥੋੜੇ ਜਿਹੇ ਸਟਾਫ਼ ਮੈਂਬਰਾਂ ਨੂੰ ਸੂਬਾ-ਪੱਧਰੀ ਵਿਸ਼ਲੇਸ਼ਣ ਦੇ ਮੰਤਵ ਲਈ ਵਿਅਕਤੀਗਤ ਵਿਦਿਆਰਥੀਆਂ ਦੇ ਜਵਾਬਾਂ ਤੱਕ ਪਹੁੰਚ ਪ੍ਰਾਪਤ ਹੋਵੇਗੀ। ਵਿਅਕਤੀਗਤ ਵਿਦਿਆਰਥੀਆ ਦੇ ਅੰਕੜੇ ਇਕ ਸੁਰੱਖਿਅਤ ਸਰਵਰ 'ਤੇ ਰੱਖੇ ਜਾਣਗੇ ਤੇ ਉਨ੍ਹਾਂ ਤਕ ਪਹੁੰਚ ਸਖ਼ਤਾਈ ਨਾਲ ਕੇਵਲ CESE ਖੋਜਕਾਰਾਂ ਤਕ ਹੀ ਸੀਮਤ ਹੋਵੇਗੀ। ਖੋਜਕਾਰਾਂ ਦੀ ਦਿਲਚਸਪੀ ਸਿਰਫ਼ ਰੁਝਾਨਾਂ ਵਿਚ ਹੈ – ਵਿਅਕਤੀਗਤ ਵਿਦਿਆਰਥੀਆਂ ਦੇ ਜਵਾਬਾਂ ਵਿਚ ਨਹੀਂ। ਕਿਸੇ ਵੀ ਪ੍ਰਕਾਸ਼ਨ ਵਿਚ ਕਿਸੇ ਵਿਦਿਆਰਥੀ ਦੀ ਸ਼ਨਾਖ਼ਤ ਜੱਗ-ਜ਼ਾਹਿਰ ਨਹੀਂ ਕੀਤੀ ਜਾਵੇਗੀ। ਕਿਸੇ ਸਕੂਲ ਦੀ ਸ਼ਨਾਖ਼ਤ ਉਦੋਂ ਤਕ ਜੱਗ ਜ਼ਾਹਿਰ ਨਹੀਂ ਕੀਤੀ ਜਾਵੇਗੀ, ਜਦੋਂ ਤਕ ਉਹ ਇਸ ਦੀ ਇਜਾਜ਼ਤ ਨਹੀਂ ਦੇਣਗੇ।

## 8. ਸਰਵੇਖਣ ਦੇ ਅੰਕੜਿਆਂ ਤੋਂ ਕਿਸ ਕਿਸਮ ਦਾ ਵਿਸ਼ਲੇਸ਼ਣ ਕੀਤਾ ਜਾਵੇਗਾ?

ਵਿਦਿਆਰਥੀਆਂ ਵੱਲੋਂ ਸਰਵੇਖਣ ਮੁਕੰਮਲ ਕੀਤੇ ਜਾਣ 'ਤੇ ਰਿਪੋਟਾਂ ਤਿਆਰ ਕੀਤੀਆਂ ਜਾਂਦੀਆਂ ਹਨ ਅਤੇ ਜਿਆਦਾਤਰ ਮਾਮਲਿਆਂ ਵਿੱਚ ਤਿੰਨ ਕਾਰੋਬਾਰੀ ਦਿਨਾਂ ਅੰਦਰ ਇਹ ਸਕੂਲਾਂ ਨੂੰ ਉਪਲਬਧ ਕਰਾਇਆਂ ਜਾਂਦੀਆਂ ਹਨ। ਸਕੂਲੀ ਆਗੂ ਇਨ੍ਹਾਂ ਅੰਕੜਿਆਂ ਦੀ ਵਰਤੋਂ ਆਪਣੇ ਸਕੂਲ ਦੇ ਵਿਦਿਆਰਥੀਆਂ ਦੇ ਤਜਰਬਿਆਂ ਅਤੇ ਵਿਚਾਰਾਂ ਨੂੰ ਬਿਹਤਰ ਢੰਗ ਨਾਲ ਸਮਝਣ ਲਈ ਕਰ ਸਕਦੇ ਹਨ।

CESE ਸਰਵੇਖਣ ਅੰਕੜਿਆਂ ਤੇ ਨਾਲ-ਨਾਲ ਵਿਭਾਗ ਕੋਲ ਮੌਜੂਦ ਵਿਦਿਆਰਥੀਆਂ ਦੇ ਅੰਕੜਿਆਂ, ਜਿਸ ਵਿੱਚ ਪ੍ਰਦਰਸ਼ਨ ਸੰਬੰਧੀ ਅੰਕੜੇ ਸ਼ਾਮਿਲ ਹਨ, ਦਾ ਰਾਜ-ਪੱਧਰੀ ਵਿਸ਼ਲੇਸ਼ਣ ਕਰੇਗਾ।

ਇਹ ਨਤੀਜੇ ਸਾਰੇ ਸਕੂਲਾਂ ਨੂੰ ਵਿਦਿਆਰਥੀਆਂ ਦੇ ਕਲਿਆਣ ਅਤੇ ਰੁਝੇਵਿਆਂ, ਪ੍ਰਭਾਵੀ ਅਧਿਆਪਨ ਤੇ ਵਿਦਿਆਰਥੀਆਂ ਦੇ ਸਿਖਲਾਈ ਸੰਬੰਧਾਂ ਨੂੰ ਬਿਹਤਰ ਢੰਗ ਨਾਲ ਸਮਝਣ ਵਿਚ ਮਦਦ ਕਰਨਗੇ। ਇਨ੍ਹਾਂ ਅੰਕੜਿਆਂ ਬਾਰੇ CESE ਦੇ ਵਿਸ਼ਲੇਸ਼ਣ ਨਤੀਜੇ ਅਧਿਆਪਕਾਂ ਤੇ ਪ੍ਰਿੰਸੀਪਲਾਂ ਨੂੰ ਇਸ ਮੁੱਦੇ 'ਤੇ ਵਿਚਾਰ-ਵਟਾਂਦਰਾ ਕਰਨ ਵਿਚ ਮਦਦ ਕਰਨਗੇ ਕਿ ਵਿਦਿਆਰਥੀਆਂ ਦੇ ਨਤੀਜਿਆਂ ਵਿਚ ਸੁਧਾਰ ਕਿਵੇਂ ਕੀਤਾ ਜਾ ਸਕਦਾ ਹੈ। ਇਸ ਨਾਲ ਵਿਭਾਗ ਨੂੰ ਮਿਆਰੀ ਅਧਿਆਪਨ ਤੇ ਲੀਡਰਸ਼ਿਪ 'ਤੇ ਲਗਾਤਾਰ ਧਿਆਨ ਕੇਂਦ੍ਰਿਤ ਕਰਨ ਵਿਚ ਮਦਦ ਮਿਲਦੀ ਹੈ। ਇਹ ਅੰਕੜੇ ਭਵਿੱਖ 'ਚ ਵਿਸ਼ਲੇਸ਼ਣ ਲਈ ਸੰਭਾਲੇ ਜਾਣਗੇ, ਤਾਂ ਜੋ ਸਾਨੂੰ ਵਿਦਿਆਰਥੀਆਂ ਨੂੰ ਰੁੱਝਾਏ ਰੱਖਣ ਅਤੇ ਇਨ੍ਹਾਂ ਦੇ ਕਲਿਆਣ ਦੇ ਪ੍ਰਕਾਰ ਨੂੰ ਬਿਹਤਰ ਤਰੀਕਿਆਂ ਨਾਲ ਸਮਝਣ ਵਿਚ ਮਦਦ ਮਿਲ ਸੱਕੇ।

## 9. ਕੀ ਸਾਰੇ ਸਕੂਲੀ ਵਿਦਿਆਰਥੀ ਸਰਵੇਖਣ ਵਿਚ ਭਾਗ ਲੈ ਸਕਦੇ ਹਨ?

ਪ੍ਰਾਇਮਰੀ ਸਕੂਲ ਸਰਵੇਖਣ 4 ਤੋਂ 6 ਜਮਾਤਾਂ ਵਿਚ ਪੜ੍ਹਦੇ ਵਿਦਿਆਰਥੀਆਂ ਲਈ ਤਿਆਰ ਕੀਤਾ ਗਿਆ ਹੈ। ਸਕੂਲਾਂ ਨੂੰ ਇਨ੍ਹਾਂ ਜਮਾਤਾਂਦੇ ਹਰ ਸੰਭਵ ਹੱਦ ਤਕ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਸ਼ਾਮਲ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਸੈਕੰਡਰੀ ਸਕੂਲਾਂ ਨੂੰ 7 ਤੋਂ ਲੈ ਕੇ 12 ਜਮਾਤ ਤਕ ਦੇ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਭਾਗ ਲੈਣ ਦੀ ਇਜਾਜ਼ਤ ਦੇਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

## 10. *Tell Them From Me* ਸਰਵੇਖਣ ਕਦੋਂ ਹੋਵੇਗਾ?

ਇਹ ਸਰਵੇਖਣ ਟਰਮ 1 ਅਤੇ (ਵਿਕਲਪਿਕ ਤੌਰ 'ਤੇ) ਟਰਮ 3/4 ਦੇ ਅੰਤ 'ਤੇ ਸਾਰੇ ਭਾਗੀਦਾਰ ਸਕੂਲਾਂ ਵਿਚ ਕਰਵਾਏ ਜਾਣਗੇ।



## CESE ਕੀ ਹੈ?

ਸੈਂਟਰ ਫਾਰ ਐਜੂਕੇਸ਼ਨ ਸਟੈਟਿਸਟਿਕਸ ਐਂਡ ਈਵੈਲੂਏਸ਼ਨ (CESE) ਨਿਊ ਸਾਊਥ ਵੇਲਜ਼ ਦੇ ਸਿੱਖਿਆ ਵਿਭਾਗ ਦਾ ਇੱਕ ਭਾਗ ਹੈ।

CESE ਨੂੰ ਨਿਊ ਸਾਊਥ ਵੇਲਜ਼ ਵਿਚ ਸਿੱਖਿਆ ਦੀ ਪ੍ਰਭਾਵਕਤਾ, ਕਾਰਜਕੁਸ਼ਲਤਾ ਤੇ ਜਵਾਬਦੇਹੀ ਵਿਚ ਸੁਧਾਰ ਲਿਆਉਣ ਲਈ ਸਥਾਪਤ ਕੀਤਾ ਗਿਆ ਹੈ। CESE ਇਹ ਸ਼ਨਾਖ਼ਤ ਸਾਂਝੀ ਕਰੇਗਾ ਕਿ ਕਿਹੜੀ ਚੀਜ਼ ਅਸਰ ਪਾਉਂਦੀ ਹੈ, ਜਿਸ ਨਾਲ ਹਰ ਤਰ੍ਹਾਂ ਦੀ ਸਿੱਖਿਆ ਵਿੱਚ ਅਧਿਆਪਨ ਤੇ ਸਿੱਖਣ ਵਿਚ ਸੁਧਾਰ ਲਈ ਨਵੇਂ ਮੌਕੇ ਸਿਰਜੇ ਜਾਣਗੇ।

**CESE ਬਾਰੇ ਹੋਰ ਜਾਣਕਾਰੀ ਇੱਥੇ ਉਪਲਬਧ ਹੈ: www.cese.nsw.gov.au**

## *The Learning Bar* ਕੀ ਹੈ?

*The Learning Bar* ਦੀ ਮੁਹਾਰਤ ਪ੍ਰਾਇਮਰੀ ਤੇ ਸੈਕੰਡਰੀ ਦੋਵੇਂ ਵਿਦਿਆਰਥੀਆਂ ਲਈ ਵਿਦਿਆਰਥੀ ਮੁਲਾਂਕਣਾਂ ਤੇ ਸਰਵੇਖਣ ਸਮਾਧਾਨਾਂ ਦੇ ਖੋਜ-ਆਧਾਰਤ ਡਿਜ਼ਾਇਨ ਅਤੇ ਸੁਵਿਧਾ ਦੇਣ ਵਿਚ ਹੈ। ਪ੍ਰਧਾਨ, Dr J Douglas Willms ਦੀ ਅਗਵਾਈ ਹੇਠਲੀ ਇਨ-ਹਾਊਸ ਖੋਜੀ ਟੀਮ ਰਾਸ਼ਟਰੀ ਨੀਤੀ ਨੂੰ ਪ੍ਰਭਾਵਿਤ ਕਰਨ ਵਾਲੇ ਸਕੂਲੀ ਪ੍ਰਣਾਲੀ ਵਿਚ ਵਰਤੇ ਜਾਣ ਵਾਲੇ ਵਿਆਪਕ ਪ੍ਰੋਜੈਕਟਾਂ ਤੇ ਕੰਮ ਕਰਦੀ ਹੈ। ਇਹ ਇਸ ਖੋਜ ਦੇ ਕਾਰਨ ਹੀ ਇਹ ਸਰਵੇਖਣ *Tell Them From Me*, ਕੈਨੇਡਾ ਵਿਚ ਸਭ ਤੋਂ ਵਿਸ਼ਾਲ ਰਾਸ਼ਟਰੀ ਸਕੂਲ ਸਰਵੇਖਣ ਬਣ ਚੁੱਕਾ ਹੈ, ਜਿਸ ਦੀ ਵਰਤੋਂ ਦਸਾਂ ਵਿਚੋਂ ਨੌਂ ਸੂਬੇ ਕਰਦੇ ਹਨ। ਪਿਛਲੇ 12 ਵਰ੍ਹਿਆਂ ਦੌਰਾਨ ਸਮੁੱਚੇ ਵਿਸ਼ਵ ਵਿਚ 6,300 ਤੋਂ ਵੱਧ ਸਕੂਲ ਅਤੇ 54 ਲੱਖ ਤੋਂ ਵੱਧ ਵਿਦਿਆਰਥੀ ਇਸ ਸਰਵੇਖਣ ਵਿਚ ਭਾਗ ਲੈ ਚੁੱਕੇ ਹਨ।

Dr Willms ਨੇ ਪਿੱਛੇ ਜਿਹੇ ਤਕ ਸਾਖਰਤਾ ਤੇ ਮਨੁੱਖੀ ਵਿਕਾਸ (Literacy and Human Development) ਵਿਚ ਟੀਅਰ 1 ਕੈਨੇਡਾ ਰਿਸਰਚ ਚੇਅਰ ਦੀ ਜ਼ਿੰਮੇਵਾਰੀ ਸਾਂਭੀ ਹੋਈ ਸੀ। ਉਹ OECD ਦੇ ਅੰਤਰਰਾਸ਼ਟਰੀ ਵਿਦਿਆਰਥੀ ਮੁਲਾਂਕਣ ਪ੍ਰੋਗ੍ਰਾਮ (Programme for International Student Assessment – PISA) ਲਈ ਪ੍ਰਸ਼ਨ ਤਿਆਰ ਕਰਨ ਵਿੱਚ ਪ੍ਰਮੁਖ ਭੂਮਿਕਾ ਨਿਭਾਉਂਦੇ ਹਨ।

ਸਿਰਫ਼ ਪ੍ਰਸ਼ਾਸਕੀ ਉਦੇਸ਼ਾਂ ਲਈ, *The Learning Bar* ਕੋਲ ਸਰਵੇਖਣ ਦੇ ਸਵਾਲਾਂ ਤੇ ਵਿਦਿਆਰਥੀ ਦੇ ਪਛਾਣ ਕਰਨ ਯੋਗ ਜਵਾਬਾਂ ਦੀ ਅਸਥਾਈ ਪਹੁੰਚ ਹੋਵੇਗੀ। *The Learning Bar* ਅਤੇ ਵਿਭਾਗ ਵਿਚ CESE ਦੇ ਖੋਜਕਾਰਾਂ ਤੋਂ ਇਲਾਵਾ,ਕਿਸੇ ਹੋਰ ਵਿਅਕਤੀ ਜਾਂ ਇਕਾਈ ਨੂੰ ਵਿਦਿਆਰਥੀਆਂ ਦੇ ਪਛਾਣ ਕੀਤੇ ਜਾਣ ਯੋਗ ਜਵਾਬਾਂ ਦਾ ਖੁਲਾਸਾ ਕਾਨੂੰਨ ਦੁਆਰਾ ਲੋੜੀਂਦਾ ਤਰੀਕੇ ਤੋਂ ਇਲਾਵਾ ਨਹੀਂ ਕੀਤਾ ਜਾਵੇਗਾ।

***The Learning Bar* ਬਾਰੇ ਹੋਰ ਜਾਣਕਾਰੀ ਇੱਥੇ ਉਪਲਬਧ ਹੈ: www.thelearningbar.com**

ਜੇਕਰ ਮਾਪਿਆਂ ਦੇ ਸਰਵੇਖਣ ਬਾਰੇ ਤੁਹਾਡੇ ਕੋਈ ਪਰਸ਼ਨ ਹਨ, ਤਾਂ ਕਿਰਪਾ ਕਰ ਕੇ CESE ਨਾਲ ਈਮੇਲ ਦੁਆਰਾ ਸੰਪਰਕ ਕਰੋ: TTFM@det.nsw.edu.au ਜਾਂ ਟੈਲੀਫ ਨ ਰਾਹੀਂ ਸੰਪਰਕ ਕਰੋ: **1300 131 499**